12 ਜੁਲਾਈ, 2023

**ਇਨ੍ਹਾਂ ਲਈ:**
ਕੈਲੀਫੋਰਨੀਆ ਦੇ ਸਾਰੇ ਰੋਜ਼ਗਾਰਦਾਤਾ

**ਵਿਸ਼ਾ:**
ਰੋਜ਼ਗਾਰਦਾਤਿਆਂ ਲਈ ਕੰਮ ਦੀ ਥਾਂ 'ਤੇ COVID-19 'ਤੇ ਪ੍ਰਤੀਕਿਰਿਆ ਕਰਨਾ

**ਸੰਬੰਧਿਤ ਸਮੱਗਰੀਆਂ:** ਕਰਮਚਾਰੀਆਂ ਅਤੇ ਕੰਮ ਦੀ ਥਾਂ ਬਾਰੇ ਹੋਰ ਮਾਰਗਦਰਸ਼ਨ | ਸਾਰੇ ਮਾਰਗਦਰਸ਼ਨ | ਹੋਰ ਭਾਸ਼ਾਵਾਂ

**12 ਜੁਲਾਈ, 2023 ਤੱਕ ਦੇ ਅੱਪਡੇਟਸ:**

- Cal/OSHA COVID-19 ਦੀ ਰੋਕਥਾਮ ਬਾਰੇ ਗੈਰ-ਸੰਕਟਕਾਲੀ ਨਿਯਮਾਂ ਨਾਲ ਸੰਬੰਧਿਤ ਨਵੇਂ ਸ੍ਰੋਮੇ।
- ਪ੍ਰਕੋਪ ਦੀ ਰਿਪੋਰਟਿੰਗ ਅਤੇ ਮਾਰਗਦਰਸ਼ਨ ਲਈ ਅੱਪਡੇਟ ਕੀਤੇ ਗਏ ਹਵਾਲੇ।
- ਅੱਪਡੇਟ ਕੀਤੀਆਂ ਗਈਆਂ ਸਿਫ਼ਾਰਿਸ਼ਾਂ ਅਤੇ ਮਾਸਕ ਪਾਉਣ ਸੰਬੰਧੀ ਲਿੰਕ।

## ਕੰਮ ਦੀ ਥਾਂ ਵਿਖੇ COVID-19 'ਤੇ ਪ੍ਰਤੀਕਿਰਿਆ ਕਰਨਾ

ਕਰਮਚਾਰੀਆਂ ਨੂੰ COVID-19 ਤੋਂ ਸੁਰੱਖਿਅਤ ਰੱਖਣ ਵਿੱਚ ਰੁਜ਼ਗਾਰਦਾਤਾਵਾਂ ਦੀ ਇੱਕ ਮਹਤੱਵਪੂਰਨ ਭੂਮਿਕਾ ਹੁੰਦੀ ਹੈ। ਇਹ ਸੰਸਾਧਨ ਦਸਤਾਵੇਜ਼ ਰੋਜ਼ਗਾਰਦਾਤਿਆਂ ਦੀ ਇਹ ਸਮਝਣ ਵਿੱਚ ਮਦਦ ਕਰਨ ਲਈ ਤਿਆਰ ਕੀਤਾ ਗਿਆ ਸੀ ਕਿ ਉਹ COVID-19 ਦੇ ਫੈਲਾਅ ਨੂੰ ਰੋਕਣ ਲਈ ਅਤੇ ਕੰਮ ਦੀਆਂ ਥਾਂਵਾਂ ਵਿੱਚ ਪਛਾਣੇ ਗਏ COVID-19 ਦੇ ਕੇਸਾਂ ਅਤੇ ਪ੍ਰਕੋਪਾਂ ਪ੍ਰਤੀ ਜਲਦੀ ਅਤੇ ਉਚਿਤ ਪ੍ਰਤਿਕਿਰਿਆ ਕਰਨ ਲਈ ਕਿਹੜੇ ਕਦਮ ਚੁੱਕ ਸਕਦੇ ਹਨ।

*ਸਥਾਨਕ ਸਿਹਤ ਵਿਭਾਗ (LHDs) ਵਾਧੂ ਲੋੜਾਂ ਨੂੰ ਲਾਗੂ ਕਰਨਾ ਜਾਰੀ ਰੱਖ ਸਕਦੇ ਹਨ ਜੋ ਸਥਾਨਕ ਹਾਲਾਤਾਂ ਦੇ ਆਧਾਰ 'ਤੇ ਇਸ ਰਾਜ ਵਿਆਪੀ ਮਾਰਗਦਰਸ਼ਨ ਨਾਲੋਂ ਵਧੇਰੇ ਸਖ਼ਤ ਹਨ, ਜਿਸ ਵਿੱਚ ਕੁਝ ਉੱਚ-ਜੋਖਮ ਵਾਲੀਆਂ ਸੈਟਿੰਗਾਂ ਵਿੱਚ ਜਾਂ ਕੁਝ ਸਥਿਤੀਆਂ ਦੌਰਾਨ (ਉਦਾਹਰਨ ਲਈ, ਉੱਚ-ਜੋਖਮ ਸੈਟਿੰਗਾਂ ਵਿੱਚ ਕਿਰਿਆਸ਼ੀਲ ਪ੍ਰਕੋਪ ਦੌਰਾਨ) ਸ਼ਾਮਲ ਹਨ।*

## *ਕਨੂੰਨੀ ਅਤੇ ਨਿਯਾਮਕ ਜ਼ਰੂਰਤਾਂ*

ਰੋਜ਼ਗਾਰਦਾਤਾਵਾਂ ਲਈ ਕੰਮ ਵਾਲੀ ਥਾਂ ‘ਤੇ COVID-19 ਦੇ ਫੈਲਣ ਬਾਰੇ ਸਥਾਨਕ ਸਿਹਤ ਵਿਭਾਗਾਂ ਨੂੰ ਸੂਚਿਤ ਕਰਨ ਸੰਬੰਧੀ ਪਿਛਲੀ ਰਾਜਵਿਆਪੀ ਜ਼ਰੂਰਤਾਂ ਹੁਣ ਲਾਗੂ ਨਹੀਂ ਹੁੰਦੀਆਂ ਹਨ। ਹਾਲਾਂਕਿ, ਜੇ ਲੋੜੀਦੀ ਹੋਵੇ, ਤਾਂ ਸਥਾਨਕ ਸਿਹਤ ਵਿਭਾਗ ਇੱਕ ਸਥਾਨਕ ਆਰਡਰ ਰਾਹੀਂ, ਪ੍ਰਕੋਪ ਦੀ

ਰਿਪੋਰਟ ਕਰਨ ਨੂੰ ਲੋੜੀਂਦਾ ਬਣਾ ਸਕਦੇ ਹਨ। ਰੁਜ਼ਗਾਰਦਾਤਿਆਂ ਦਾ ਕੰਮ ਦੀਆਂ ਥਾਂ ਵਿੱਚ COVID-19 ਦੇ ਕੇਸਾਂ ਅਤੇ ਪ੍ਰਕੋਪਾਂ ਦੇ ਸੰਬੰਧ ਵਿੱਚ ਕਿਸੇ ਸਥਾਨਕ ਸਿਹਤ ਵਿਭਾਗ ਦੁਆਰਾ ਮੰਗੀ ਗਈ ਜਾਣਕਾਰੀ ਦੇਣਾ ਲਾਜ਼ਮੀ ਹੈ, ਜਿਵੇਂ ਕਿ COVID-19 ਕੰਮ ਦੀ ਥਾਂ ਵਿੱਚ ਪ੍ਰਕੋਪ ਸੰਬੰਧੀ ਰਿਪੋਰਟਿੰਗ ਮਾਰਗਦਰਸ਼ਨ ਵਿੱਚ ਵੇਰਵਾ ਦਿੱਤਾ ਗਿਆ ਹੈ।

ਗੈਰ-ਸਿਹਤ ਸੰਭਾਲ ਵਾਲੀਆਂ ਕੰਮ ਦੀਆਂ ਥਾਂਵਾਂ ਵਿੱਚ, ਰੁਜ਼ਗਾਰਦਾਤਾ ਇਹ ਸੁਨਿਸ਼ਚਿਤ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ ਕਿ ਉਨ੍ਹਾਂ ਦੇ ਕਰਮਚਾਰੀ ਦੀ ਰੱਖਿਆ ਕਰਨ ਲਈ ਉਨ੍ਹਾਂ ਦੀਆਂ ਗਤੀਵਿਧੀਆਂ Cal/OSHA COVID-19 ਰੋਕਥਾਮ ਬਾਰੇ ਗੈਰ-ਸੰਕਟਕਾਲੀ ਨਿਯਮਾਂ (COVID-19 ਰੋਕਥਾਮ ਦੇ ਨਿਯਮ) ਨਾਲ ਇਕਸਾਰ ਹਨ।

ਰੁਜ਼ਗਾਰਦਾਤਾਵਾਂ ਨੂੰ ਇਹ ਸੁਨਿਸ਼ਚਿਤ ਕਰਨ ਲਈ ਨਿਯਾਮਕ ਭਾਸ਼ਾ, ਅਕਸਰ ਪੁੱਛੇ ਜਾਣ ਵਾਲੇ ਸਵਾਲ, ਅਤੇ COVID-19 ਰੋਕਥਾਮ ਸੰਬੰਧੀ ਨਿਯਮਾਂ ਦਾ ਵੈੱਬਪੇਜ਼ ਤੋਂ ਸਲਾਹ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ। ਇਹ ਸੋਮਾ ਗਾਈਡ Cal/OSHA ਦੇ ਨਿਯਮਾਂ ਦੀਆਂ ਵਿਆਪਕ ਜ਼ਰੂਰਤਾਂ ਨੂੰ ਮੁੜ ਨਿਰਧਾਰਤ ਕਰਨ ਲਈ ਨਹੀਂ ਹੈ।

ਇਹ ਸੋਮਾ ਗਾਈਡ ਸਿਹਤ ਸੰਭਾਲ, ਸੁਧਾਰਕ, ਪਨਾਹ ਦੇਣ ਵਾਲੀਆਂ, ਜਾਂ ਹੋਰ ਕੰਮ ਦੀਆਂ ਥਾਂਵਾਂ ਦੀਆਂ ਸੈਟਿੰਗਾਂ ਵਿੱਚ ਪ੍ਰਕੋਪ ਦਾ ਪ੍ਰਬੰਧਨ ਕਰਨ ਜਾਂ ਰੋਕਥਾਮ ਕਰਨ ਵਿੱਚ ਵਰਤੋਂ ਕਰਨ ਲਈ ਵੀ ਨਹੀਂ ਹੈ ਜਿੱਥੇ Cal/OSHA ਦੇ ਐਰੋਸੋਲ ਟ੍ਰਾਂਸਮੇਮੇਬਲ ਰੋਗ (ATD) ਮਿਆਰ (ਟਾਈਟਲ 8, ਧਾਰਾ 5199) ਲਾਗੂ ਹੁੰਦੇ ਹਨ।

## *ਕੰਮ ਦੀ ਥਾਂ ਵਿੱਚ ਪ੍ਰਕੋਪ ਦੇ ਪ੍ਰਬੰਧਨ ਬਾਰੇ ਮੁੱਖ ਘਟਕ*

### 1. ਕੰਮ ਦੀ ਥਾਂ ਵਿੱਚ COVID-19 ਕੇਸਾਂ ਦੀ ਪਛਾਣ ਕਰਨਾ ਅਤੇ ਪ੍ਰਬੰਧਨ ਕਰਨ ਲਈ ਤਿਆਰ ਹੋਣਾ

- LHD ਦੀ ਸੰਪਰਕ ਜਾਣਕਾਰੀ ਅਤੇ ਉਸ ਅਧਿਕਾਰ ਖੇਤਰ ਵਿੱਚ ਸਥਾਨਕ ਸਿਹਤ ਵਿਭਾਗ ਲਈ ਕੋਈ ਵੀ ਲਾਗੂ ਹੋਣ ਵਾਲੀਆਂ ਰਿਪੋਰਟਿੰਗ ਲੋੜਾਂ ਜਿੱਥੇ ਕਾਰਜ ਸਥਾਨ ਸਥਿਤ ਹੈ, ਦੀ ਪਛਾਣ ਕਰੋ।
- COVID-19 ਸੰਕਰਮਣ ਰੋਕਥਾਮ ਪ੍ਰਕਿਰਿਆਵਾਂ ਨੂੰ ਲਾਗੂ ਕਰਨ ਵਿੱਚ ਮਦਦ ਕਰਨ ਅਤੇ ਕਰਮਚਾਰੀਆਂ ਵਿੱਚ COVID-19 ਨਾਲ ਸੰਬੰਧਿਤ ਮੁੱਦਿਆਂ ਦਾ ਪ੍ਰਬੰਧਨ ਕਰਨ ਲਈ ਇੱਕ ਕੰਮ ਵਾਲੀ ਥਾਂ ਵਿੱਚ ਬਿਮਾਰੀ 'ਤੇ ਨਿਯੰਤਰਣ ਅਤੇ ਰੋਕਥਾਮ ਲਈ ਇੱਕ ਕੋਆਰਡੀਨੇਟਰ ਨਿਯੁਕਤ ਕਰੋ।
- Cal/OSHA COVID-19 ਰੋਕਥਾਮ ਨਿਯਮਾਂ ਦੀਆਂ ਲੋੜਾਂ ਦੇ ਨਾਲ ਇਕਸਾਰ ਵਿੱਚ COVID-19 ਰੋਕਥਾਮ ਪ੍ਰਕਿਰਿਆਵਾਂ ਲਈ COVID-19 ਲਈ ਇੱਕ ਲਿਖਿਤ ਸੱਟ ਅਤੇ ਬਿਮਾਰੀ ਰੋਕਥਾਮ ਪ੍ਰੋਗਰਾਮ (IIPP) ਬਣਾਓ। Cal/OSHA ਦਾ ਇੱਕ ਮਾਡਲ COVID-19 ਰੋਕਥਾਮ ਪ੍ਰਕਿਰਿਆਵਾਂ ਦਾ ਟੈਮਪਲੇਟ ਹੈ, ਜੋ Cal/OSHA COVID-19 ਰੋਕਥਾਮ ਬਾਰੇ ਗੈਰ-ਸੰਕਟਕਾਲੀ ਨਿਯਮਾਂ ਦੇ ਵੈੱਬਪੇਜ਼ 'ਤੇ ਉਪਲਬਧ ਹੈ।
- ਕਰਮਚਾਰੀਆਂ ਨੂੰ ਬਿਨਾਂ ਕਿਸੇ ਬਦਲੇ ਦੇ ਡਰ ਤੋਂ, ਰੁਜ਼ਗਾਰਦਾਤਾ ਨੂੰ ਸੰਭਾਵਿਤ COVID-19 ਕੰਮ ਵਾਲੀ ਥਾਂ ਦੇ ਖਤਰਿਆਂ ਦੀ ਰਿਪੋਰਟ ਕਰਨ ਲਈ ਕਹੋ।
- ਕਰਮਚਾਰੀਆਂ ਨੂੰ ਘਰ ਰਹਿਣ ਲਈ ਉਤਸ਼ਾਹਿਤ ਕਰੋ ਅਤੇ ਰੁਜ਼ਗਾਰਦਾਤਾ ਨੂੰ ਰਿਪੋਰਟ ਕਰੋ ਜੇਕਰ ਉਹਨਾਂ ਨੂੰ COVID-19 ਹੋਣ ਦਾ ਪਤਾ ਚੱਲਦਾ ਹੈ।
  - ਯਕੀਨੀ ਬਣਾਓ ਕਿ ਕਰਮਚਾਰੀ ਵਰਕਰਾਂ ਦੇ ਮੁਆਵਜ਼ੇ, ਸਟੇਟ ਡਿਸਏਬਿਲਟੀ ਇੰਸ਼ੋਰੈਂਸ, ਜਾਂ ਹੋਰ ਛੁੱਟੀ ਸੰਬੰਧੀ ਫਾਇਦੀਆਂ ਬਾਰੇ ਜਾਣੂ ਹਨ ਜਿਨ੍ਹਾਂ ਨੂੰ ਉਹ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹਨ।
- ਸਾਰੇ ਕਰਮਚਾਰੀਆਂ ਨੂੰ ਆਪਣੇ COVID-19 ਦੇ ਟੀਕਾਕਰਨ 'ਤੇ ਨਵੀਨਤਮ ਰਹਿਣ ਲਈ ਉਤਸ਼ਾਹਿਤ ਕਰੋ। ਕਰਮਚਾਰੀਆਂ ਨੂੰ COVID-19 ਤੋਂ ਬਚਾਉਣ ਲਈ ਟੀਕਾਕਰਨ ਸਭ ਤੋਂ ਪ੍ਰਭਾਵਸ਼ਾਲੀ ਰਣਨੀਤੀ ਹੈ।

### 2. ਸਥਾਨਕ ਸਿਹਤ ਵਿਭਾਗ ਅਤੇ ਹੋਰ ਹਿਤਧਾਰਕਾਂ ਨਾਲ ਜਾਣਕਾਰੀ ਸਾਂਝੀ ਕਰਨਾ।

- ਜਿੱਥੇ ਕੰਮ ਦੀ ਦੀ ਥਾਂ ਸਥਿਤ ਹੈ, ਉਸ ਖੇਤਰਾਧਿਕਾਰ ਵਿੱਚ ਸਥਾਨਕ ਸਿਹਤ ਵਿਭਾਗ ਦੀ ਪ੍ਰਕੋਪ ਰਿਪੋਰਟਿੰਗ ਲੋੜਾਂ ਵਿਸ਼ਿਸ਼ਟ **ਹੋ ਸਕਦੀਆਂ** ਹਨ। ਰੁਜ਼ਗਾਰਦਾਤਾਵਾਂ ਦਾ ਇਨ੍ਹਾਂ ਲੋੜਾਂ ਦੀ ਪਾਲਣਾ ਕਰਨਾ ਅਤੇ ਸਥਾਨਕ ਸਿਹਤ ਵਿਭਾਗ ਦੁਆਰਾ ਮੰਗੀ ਗਈ ਕੋਈ ਵੀ ਜਾਣਕਾਰੀ ਦੇਣਾ **ਲਾਜ਼ਮੀ** ਹੈ। ਕੋਈ ਖਾਸ ਰਿਪੋਰਟਿੰਗ ਲੋੜਾਂ ਨਾ ਹੋਣ ਤੇ, ਰੁਜ਼ਗਾਰਦਾਤਾਵਾਂ ਨੂੰ ਕੇਸਾਂ ਅਤੇ ਪ੍ਰਕੋਪ ਬਾਰੇ ਮਾਰਗਦਰਸ਼ਨ ਲਈ, ਜਿਵੇਂ ਵੀ ਲੋੜ ਹੋਵੇ, ਸਥਾਨਕ ਸਿਹਤ ਵਿਭਾਗ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।
- ਜੇਕਰ ਸਹੂਲਤ ਇਕਰਾਰਨਾਮੇ ਵਾਲੇ ਜਾਂ ਅਸਥਾਈ ਕਰਮਚਾਰੀਆਂ ਦੀ ਵਰਤੋਂ ਕਰਦੀ ਹੈ, ਤਾਂ ਕਰਮਚਾਰੀਆਂ ਅਤੇ ਉਨ੍ਹਾਂ ਦੇ ਰੁਜ਼ਗਾਰਦਾਤਾਵਾਂ ਨੂੰ ਪ੍ਰਕੋਪ ਬਾਰੇ ਜਾਣਕਾਰੀ ਅਤੇ ਨਿਰਦੇਸ਼ਾਂ ਨੂੰ ਸੰਚਾਰਿਤ ਕਰਨ ਲਈ ਇੱਕ ਵਿਅਕਤੀ ਨੂੰ ਨਿਯੁਕਤ ਕਰੋ।
- Cal/OSHA ਦੇ COVID-19 ਦੇ ਕੇਸਾਂ ਨੂੰ ਰਿਕਾਰਡਿੰਗ ਅਤੇ ਰਿਪੋਰਟਿੰਗ ਜ਼ਰੂਰਤਾਂ ਸੰਬੰਧੀ ਮਾਰਗਦਰਸ਼ਨ ਤੋਂ ਸਲਾਹ ਲਓ।

3. **ਹੋਰ ਕਰਮਚਾਰੀ ਕੇਸਾਂ ਅਤੇ ਨਜ਼ਦੀਕੀ ਸੰਪਰਕਾਂ ਦਾ ਪਤਾ ਲਗਾਓ।**

- ਜਦੋਂ ਕਿਸੇ ਕਰਮਚਾਰੀ ਦੀ COVID-19 ਨਾਲ ਪਛਾਣ ਕੀਤੀ ਜਾਂਦੀ ਹੈ, ਤਾਂ ਰੁਜ਼ਗਾਰਦਾਤਾ ਨੂੰ ਇਹ ਨਿਰਧਾਰਤ ਕਰਨਾ ਚਾਹੀਦਾ ਹੈ ਕਿ ਕੀ ਕਰਮਚਾਰੀ ਆਪਣੀ ਛੂਤ ਦੀ ਮਿਆਦ ਦੇ ਦੌਰਾਨ ਕੰਮ ਵਾਲੀ ਥਾਂ 'ਤੇ ਮੌਜੂਦ ਸੀ ਅਤੇ ਕਿਸੇ ਨਜ਼ਦੀਕੀ ਸੰਪਰਕ ਦੀ ਪਛਾਣ ਕਰਨੀ ਚਾਹੀਦੀ ਹੈ। ਰੁਜ਼ਗਾਰਦਾਤਾਵਾਂ ਨੂੰ ਛੂਤ ਦੀ ਮਿਆਦ ਅਤੇ ਨਜ਼ਦੀਕੀ ਸੰਪਰਕ ਦੀਆਂ ਪਰਿਭਾਸ਼ਾਵਾਂ ਲਈ Cal/OSHA ਦੇ COVID-19 ਰੋਕਥਾਮ ਸੰਬੰਧੀ ਨਿਯਮਾਂ ਤੋਂ ਅਤੇ ਰਾਜ ਦੇ ਪਬਲਿਕ ਹੈਲਥ ਅਧਿਕਾਰੀ ਦੇ ਆਰਡਰ COVID-19 ਬਿਮਾਰੀ ਨਿਯੰਤਰਣ ਅਤੇ ਰੋਕਥਾਮ ਤੋਂ ਸਲਾਹ ਲੈਣੀ ਚਾਹੀਦੀ ਹੈ।
  - ਇਹ ਮੁਲਾਂਕਣ ਕਰਨ ਲਈ ਕਿ COVID ਪਾਜ਼ਿਟਿਵ ਵਿਅਕਤੀ ਕੰਮ ਵਾਲੀ ਥਾਂ 'ਤੇ ਕਦੋਂ ਮੌਜੂਦ ਸੀ ਅਤੇ ਵਾਧੂ ਨਜ਼ਦੀਕੀ ਸੰਪਰਕਾਂ ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ, ਰੁਜ਼ਗਾਰਦਾਤਾ ਫ਼ੋਨ ਦੁਆਰਾ COVID-19 ਵਾਲੇ ਕਰਮਚਾਰੀਆਂ ਦੀ ਇੰਟਰਵਿਊ ਕਰਨ ਦੀ ਚੋਣ ਕਰ ਸਕਦੇ ਹਨ। ਇਹ ਜਾਣਕਾਰੀ ਪ੍ਰਾਪਤ ਕਰਨ ਲਈ ਰੁਜ਼ਗਾਰ ਰਿਕਾਰਡਾਂ ਦੀ ਵੀ ਸਲਾਹ ਲਈ ਜਾ ਸਕਦੀ ਹੈ।
  - ਨਜ਼ਦੀਕੀ ਸੰਪਰਕਾਂ ਨੂੰ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਪਬਲਿਕ ਹੈਲਥ (CDPH) ਅਲੱਗ-ਥਲੱਗ ਰਹਿਣਾ ਅਤੇ ਕੁਆਰੰਟੀਨ ਸੰਬੰਧੀ ਮਾਰਗਦਰਸ਼ਨ ਦੀ ਪਾਲਣਾ ਕਰਨੀ ਚਾਹੀਦੀ ਹੈ, ਜਿਸ ਵਿੱਚ ਹੇਠ ਲਿਖੀਆਂ ਸਿਫ਼ਾਰਿਸ਼ਾਂ ਸ਼ਾਮਲ ਹਨ: ਸੰਪਰਕ ਵਿੱਚ ਆਉਣ ਤੋਂ 10 ਦਿਨਾਂ ਬਾਅਦ ਇੱਕ ਚੰਗੀ ਤਰ੍ਹਾਂ ਫਿਟਿੰਗ ਮਾਸਕ ਪਹਿਨੋ; ਪਿਛਲੀ ਵਾਰ ਸੰਪਰਕ ਵਿੱਚ ਆਉਣ ਤੋਂ ਬਾਅਦ 3-5 ਦਿਨਾਂ ਦੇ ਅੰਦਰ ਟੈਸਟ; ਘਰ ਰਹੋ ਅਤੇ ਲੱਛਣ ਪੈਦਾ ਹੋਣ 'ਤੇ ਦੁਬਾਰਾ ਜਾਂਚ ਕਰੋ।
- ਇੱਕ ਵਾਰ ਜਦੋਂ ਕੰਮ ਦੀ ਥਾਂ ਤੇ ਪ੍ਰਕੋਪ ਦੀ ਪਛਾਣ ਕਰ ਲਈ ਜਾਂਦੀ ਹੈ, ਤਾਂ ਸੰਭਾਵੀ ਤੌਰ 'ਤੇ ਸਾਹਮਣੇ ਆਏ ਕਰਮਚਾਰੀਆਂ ਦੀ ਜਾਂਚ ਕਰਨਾ ਵਾਧੂ ਕੇਸਾਂ ਦੀ ਪਛਾਣ ਕਰਨ ਲਈ ਰੁਜ਼ਗਾਰਦਾਤਾ ਦੁਆਰਾ ਵਿਚਾਰੀ ਜਾਣ ਵਾਲੀ ਪਹਿਲੀ ਰਣਨੀਤੀਆਂ ਵਿੱਚੋਂ ਇੱਕ ਹੋਣੀ ਚਾਹੀਦੀ ਹੈ।
  - ਟੈਸਟਿੰਗ ਵਿਧੀਆਂ ਬਾਰੇ ਚਰਚਾ ਕਰਨ ਲਈ LHD ਦੀ ਸਲਾਹ ਲਈ ਜਾ ਸਕਦੀ ਹੈ ਅਤੇ ਇਹ ਟੈਸਟਿੰਗ ਵਿਕਲਪਾਂ, ਜੇਕਰ ਉਪਲਬਧ ਹੋਣ, ਦੀ ਸੁਵਿਧਾ ਦੇਣ ਵਿੱਚ ਵੀ ਸਹਾਇਤਾ ਕਰ ਸਕਦਾ ਹੈ।
  - ਸੰਪਰਕ ਵਿੱਚ ਆਏ ਕਰਮਚਾਰੀਆਂ ਲਈ ਟੈਸਟਿੰਗ ਸੰਬੰਧੀ ਲੋੜਾਂ ਅਤੇ ਕੰਮ ਤੇ ਵਾਪਸ ਆਉਣ ਦੇ ਮਾਪਦੰਡ ਬਾਰੇ Cal/OSHA ਦੇ COVID-19 ਰੋਕਥਾਮ ਸੰਬੰਧੀ ਨਿਯਮਾਂ ਤੋਂ ਸਲਾਹ ਲਓ।
  - ਸਚੇਤ ਰਹੋ ਕਿ ਟੈਸਟਿੰਗ ਸਿਰਫ਼ ਇੱਕ ਹੀ ਸਮੇਂ ਵਿੱਚ ਕਿਸੇ ਵਿਅਕਤੀ ਦੀ ਸਿਹਤ ਸਥਿਤੀ ਨੂੰ ਦਰਸਾਉਂਦੀ ਹੈ। ਜੇਕਰ ਕਿਸੇ ਕਰਮਚਾਰੀ ਦਾ ਟੈਸਟ ਨੈਗਟਿਵ ਆਉਂਦਾ ਹੈ, ਤਾਂ ਉਸ ਵਿੱਚ ਹਾਲੀ ਹੀ ਦੇ ਜਾਂ ਬਾਅਦ ਵਿੱਚ ਸੰਪਰਕ ਤੋਂ COVID-19 ਲਾਗ ਪੈਦਾ ਹੋ ਸਕਦੀ ਹੈ। ਟੈਸਟ ਨੂੰ ਦੁਹਰਾਓ ਜੇ ਅਲੱਗ-ਥਲੱਗ ਰਹਿਣ ਅਤੇ ਕੁਆਰੰਟੀਨ ਸੰਬੰਧੀ CDPH ਮਾਰਗਦਰਸ਼ਨ ਵਿੱਚ ਸਿਫ਼ਾਰਿਸ਼ ਕੀਤੇ ਗਏ ਲੱਛਣ ਨਜ਼ਰ ਆਉਂਦੇ ਹਨ।

4. **ਕਰਮਚਾਰੀਆਂ ਨੂੰ ਸੂਚਿਤ ਕਰਨਾ ਅਤੇ ਹਿਦਾਇਤਾਂ ਪ੍ਰਦਾਨ ਕਰਨਾ।**

- ਜੇ ਕੰਮ ਦੀ ਥਾਂ ਤੇ COVID-19 ਵਾਲੇ ਕਿਸੇ ਵਿਅਕਤੀ ਦੀ ਪਛਾਣ ਕੀਤੀ ਜਾਂਦੀ ਹੈ, ਤਾਂ ਰੁਜ਼ਗਾਰਦਾਤਾ ਨੂੰ ਕੰਮ ਦੀ ਥਾਂ ਵਿੱਚ COVID-19 ਸੰਪਰਕ ਦਾ ਨੋਟਿਸ ਲਗਾਉਣਾ ਲਾਜ਼ਮੀ ਹੈ। ਸੂਚਨਾ ਸੰਬੰਧੀ ਲੋੜਾਂ ਬਾਰੇ ਵਧੇਰੀ ਜਾਣਕਾਰੀ ਲਈ ਲੇਬਰ ਕੋਡ 6409.6 ਅਤੇ Cal/OSHA COVID-19 ਰੋਕਥਾਮ ਸੰਬੰਧੀ ਨਿਯਮਾਂ ਵਿੱਚ ਵੇਖੋ।

5. **ਨਿਰਧਾਰਤ ਕਰੋ ਕਿ COVID-19 ਵਾਲੇ ਕਰਮਚਾਰੀਆਂ ਲਈ ਕੰਮ ਤੇ ਕਦੋਂ ਵਾਪਸ ਆਉਣਾ ਉੱਚਿਤ ਹੈ।**

- ਰੁਜ਼ਗਾਰਦਾਤਾਵਾਂ ਨੂੰ ਇਹ ਨਿਰਧਾਰਤ ਕਰਨ ਲਈ ਸਭ ਤੋਂ ਨਵੀਨਤਮ Cal/OSHA ਲੋੜਾਂ ਅਤੇ ਅਲੱਗ-ਥਲੱਗ ਰਹਿਣ ਅਤੇ ਕੁਆਰੰਟੀਨ ਸੰਬੰਧੀ CDPH ਮਾਰਗਦਰਸ਼ਨ ਦੀ ਸਮੀਖਿਆ ਕਰਨੀ ਚਾਹੀਦੀ ਹੈ ਕਿ ਜੋ ਕਰਮਚਾਰੀ COVID-19 ਲਈ ਪਾਜ਼ਿਟਿਵ ਆਏ ਹਨ ਉਹ ਕੰਮ 'ਤੇ ਕਦੋਂ ਵਾਪਸ ਆ ਸਕਦੇ ਹਨ।
  - ਕੰਮ ਦੀ ਥਾਂ ਚੋਂ ਬਾਹਰ ਰਹਿਣ ਦੀ ਮਿਆਦ ਕਿਸੇ ਵਿਅਕਤੀ ਦੇ ਲੱਛਣ ਅਤੇ ਟੈਸਟ ਨਤੀਜਿਆਂ 'ਤੇ ਨਿਰਭਰ ਕਰਦੀ ਹੈ।
- ਸਥਾਨਕ ਸਿਹਤ ਵਿਭਾਗ ਕੰਮ ਤੇ ਵਾਪਸ ਆਉਣ ਦੀਆਂ ਕੁਝ ਵਾਧੂ ਲੋੜਾਂ ਨੂੰ ਲਾਗੂ ਕਰ ਸਕਦਾ ਹੈ, ਰੁਜ਼ਗਾਰਦਾਤਾਵਾਂ ਨੂੰ ਇਨ੍ਹਾਂ ਲੋੜਾਂ ਬਾਰੇ ਉਸ ਖੇਤਰਾਧਿਕਾਰ ਦੀ LHD ਤੋਂ ਸਲਾਹ ਲੈਣੀ ਚਾਹੀਦੀ ਹੈ ਜਿੱਥੇ ਕਿ ਉਹ ਕੰਮ ਦੀ ਥਾਂ ਸਥਿਤ ਹੈ।

6. **ਕੰਮ ਦੀ ਥਾਂ 'ਤੇ COVID-19 ਦੇ ਅੱਗੇ ਫੈਲਾਵ ਦੀ ਰੋਕਥਾਮ ਕਰਨ ਲਈ ਕਦਮ ਚੁੱਕੋ।**

- ਇਹ ਸਮਝਣ ਲਈ ਕਿ ਇੱਕ ਮਾਸਕ ਦੀ ਗੁਣਵਤਾ ਦਾ ਮੁਲਾਂਕਣ ਕਿਵੇਂ ਕਰਨਾ ਹੈ ਅਤੇ ਮਾਸਕ ਅਤੇ ਸਾਹ ਲੈਣ ਵਾਲੇ ਯੰਤਰ ਵਿਚਕਾਰ ਅੰਤਰ ਕਰਨ ਲਈ CDPH ਦੇ ਮਾਸਕ ਲਾਉਣ ਦਾ ਵੱਧ ਤੋਂ ਵੱਧ ਲਾਹਾ ਲਓ ਤੋਂ ਸਲਾਹ ਲਓ।
  - ਰੁਜ਼ਗਾਰਦਾਤਾਵਾਂ ਨੂੰ ਚੰਗੀ ਫਿਟ ਅਤੇ ਫਿਲਟ੍ਰੇਸ਼ਨ ਵਾਲੇ ਮਾਸਕ ਪ੍ਰਦਾਨ ਕਰਨੇ ਚਾਹੀਦੇ ਹਨ।

- ਉੱਚ-ਜੋਖਮ ਵਾਲੀਆਂ ਸਥਿਤੀਆਂ ਵਿੱਚ, ਜਿਵੇਂ ਕਿ ਬਹੁਤ ਜ਼ਿਆਦਾ ਲੋਕਾਂ ਵਾਲੇ ਕੰਮ ਦੇ ਸਥਾਨ ਜਾਂ ਕੰਮ ਦੇ ਸਥਾਨ ਦੇ ਪ੍ਰਕੋਪਾਂ ਦੌਰਾਨ, ਜਾਂ ਜਦੋਂ ਕਮਿਊਨਿਟੀ ਵਿੱਚ COVID-19 ਦੇ ਕੇਸ ਜ਼ਿਆਦਾ ਹੋ ਰਹੇ ਹੋਣ ਅਤੇ ਉਹ ਦੂਜਿਆਂ ਲਈ ਛੂਤਕਾਰੀ ਹੋਣ, ਤਾਂ ਰੁਜ਼ਗਾਰਦਾਤਾ ਨੂੰ ਕਰਮਚਾਰੀਆਂ ਨੂੰ ਸਾਹ ਲੈਣ ਵਾਲੇ NIOSH-ਦੁਆਰਾ ਮਨਜ਼ੂਰ ਕੀਤੇ N95 ਰੈਸਪਿਰੇਟਰ ਪ੍ਰਦਾਨ ਕਰਨ ਬਾਰੇ **ਗੰਭੀਰਤਾ ਨਾਲ** ਵਿਚਾਰ ਕਰਨਾ ਚਾਹੀਦਾ ਹੈ।

- ਇਹ ਸਮਝਣ ਲਈ ਕਿ ਕਰਮਚਾਰੀਆਂ ਲਈ ਕਿਹੜੇ ਮਾਸਕ ਜਾਂ ਸਾਹ ਲੈਣ ਵਾਲਿਆਂ ਦੀ ਜ਼ਰੂਰਤ ਹੁੰਦੀ ਹੈ ਅਤੇ ਕਿਹੜੇ ਵਾਧੂ ਸੁਰੱਖਿਆ ਉਪਾਅ ਕੀਤੇ ਜਾਣੇ ਲਾਜ਼ਮੀ ਹਨ, Cal/OSHA COVID-19 ਰੋਕਥਾਮ ਸੰਬੰਧੀ ਨਿਯਮਾਂ ਤੋਂ ਸਲਾਹ ਲਓ।
- ਕੰਮ ਦੀ ਥਾਂ 'ਤੇ ਹਵਾਦਾਰੀ ਕਿਵੇਂ ਵਧਾਈ ਜਾਵੇ, ਬਾਰੇ ਵਾਧੂ ਜਾਣਕਾਰੀ ਲਈ Cal/OSHA COVID-19 ਰੋਕਥਾਮ ਸੰਬੰਧੀ ਨਿਯਮਾਂ ਅਤੇ CDPH ਅੰਦਰੂਨੀ ਥਾਂਵਾਂ ਵਿੱਚ ਹਵਾਦਾਰੀ, ਫਿਲਟ੍ਰੇਸ਼ਨ ਅਤੇ ਹਵਾ ਦੀ ਕੁਆਲਿਟੀ ਲਈ ਅੰਤਰਿਮ ਮਾਰਗਦਰਸ਼ਨ ਵੇਖੋ।

### *ਵਾਧੂ CDPH ਸੋਮੇ*

- CDPH ਕਿੱਤਾਮੁਖੀ ਸਿਹਤ ਸ਼ਾਖਾ COVID-19 ਅਤੇ ਕੰਮ ਦੀ ਥਾਂ
- ਸਥਾਨਕ ਪਬਲਿਕ ਹੈਲਥ ਵਿਭਾਗ ਲਈ AB 685 COVID-19 ਕੰਮ ਦੀ ਥਾਂ ਤੇ ਪ੍ਰਕੋਪ ਲਈ ਰਿਪੋਰਟਿੰਗ ਸੰਬੰਧੀ ਲੋੜਾਂ
- ਅੰਦਰੂਨੀ ਥਾਂਵਾਂ ਵਿੱਚ ਹਵਾਦਾਰੀ, ਫਿਲਟ੍ਰੇਸ਼ਨ ਅਤੇ ਹਵਾ ਦੀ ਕੁਆਲਿਟੀ ਲਈ ਅੰਤਰਿਮ ਮਾਰਗਦਰਸ਼ਨ
  - COVID-19 ਅਤੇ ਅੰਦਰੂਨੀ ਥਾਂ ਤੇ ਹਵਾ ਦੀ ਗੁਣਵੱਤਾ ਬਾਰੇ ਹਵਾਦਾਰੀ ਸੁਝਾਓ
- Face Mask ਸੁਝਾਅ ਅਤੇ ਸਰੋਤ
- ਆਮ ਜਨਤਾ ਦੇ ਅਲੱਗ-ਥਲੱਗ ਰਹਿਣ ਅਤੇ ਕੁਆਰੰਟੀਨ ਬਾਰੇ ਸਥਾਨਕ ਹੈਲਥ ਖੇਤਰਾਧਿਕਾਰਾਂ ਲਈ ਨਿਰਦੇਸ਼
  - ਅਲੱਗ-ਥਲਗ ਰਹਿਣ ਅਤੇ ਕੁਆਰੰਟੀਨ ਸੰਬੰਧੀ ਮਾਰਗਦਰਸ਼ਨ ਸਵਾਲ ਅਤੇ ਜਵਾਬ

### *ਵਾਧੂ Cal/OSHA ਸੋਮੇ*

- Cal/OSHA COVID-19 ਵੈੱਬਪੇਜ਼
  - COVID-19 ਰੋਕਥਾਮ ਗੈਰ-ਸੰਕਟਕਾਲੀਨ ਨਿਯਮ, ਸੋਮੇ ਅਤੇ ਅਕਸਰ ਪੁੱਛੇ ਜਾਂਦੇ ਸਵਾਲ
  - COVID-19 ਕੇਸਾਂ ਨੂੰ ਰਿਕਾਰਡ ਕਰਨ ਅਤੇ ਰਿਪੋਰਟ ਕਰਨ ਸੰਬੰਧੀ ਲੋੜਾਂ

ਮੂਲ ਰੂਪ ਵਿੱਚ 16 ਜੂਨ, 2020 ਨੂੰ ਪ੍ਰਕਾਸ਼ਿਤ ਕੀਤਾ ਗਿਆ